# ਡਾਇਰੈਕਟ ਸਿੱਖਿਆ ਵਿਭਾਗ (ਐ.ਸਿ) ਪੰਜਾਬ

ਪੰਜਾਬ ਸਿੱਖਿਆ ਭਵਨ (ਪੀ.ਐਸ.ਈ.ਬੀ.) ਈ ਬਲਾਕ, ਪੰਜਵੀਂ ਮੰਜਿਲ,
ਅਜੀਤਗੜ੍ਹ (ਮੋਹਾਲੀ) ਪੰਜਾਬ E-mail id:punjabmiddaymeal@gmail.com
ਫੋਨ.0172-2210019

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ),
ਪੰਜਾਬ।

ਮੀਮੋਂਨੰ.ਐਮ.ਡੀ.ਐਮ.ਐਸ./ਜੀ.ਐਮ./2022/ 96756

ਮਿਤੀ 22/04/2022

ਵਿਸ਼ਾ:- ਮਿਡ ਡੇ ਮੀਲ ਸਕੀਮ ਅਧੀਨ ਕੰਮ ਕਰ ਰਹੇ ਕੁੱਕ ਕਮ ਹੈਲਪਰਾਂ ਨੂੰ ਹਟਾਉਣ ਸਬੰਧੀ।

1.0 ਉਪਰੋਕਤ ਵਿਸ਼ੇ ਸਬੰਧੀ ਇਸ ਦਫਤਰ ਦੇ ਪੱਤਰ ਨੰ.ਐਮ.ਡੀ.ਐਮ.ਐਸ./ਜੀ.ਐਮ./2011/2364-2403 ਮਿਤੀ 17-06-2011, ਪੱਤਰ ਨੰ.ਐਮ.ਡੀ.ਐਮ.ਐਸ./ਜੀ.ਐਮ./2018/71902 ਮਿਤੀ 15-11-2018 ਅਤੇ ਪੱਤਰ ਨੰ.ਐਮ.ਡੀ.ਐਮ.ਐਸ./ਜੀ.ਐਮ./2019/198982 ਮਿਤੀ 12-07-2019 ਦੀ ਲਗਾਤਾਰਤਾ ਵਿੱਚ।

2.0 ਆਪ ਦਾ ਧਿਆਨ ਉਕਤ ਪੱਤਰਾਂ ਵੱਲ ਦਿਵਾਇਆ ਜਾਂਦਾ ਹੈ ਜਿਸ ਵਿੱਚ ਕੁੱਕ ਕਮ ਹੈਲਪਰਾਂ ਨੂੰ ਅਨੁਸ਼ਾਸ਼ਨਿਕ ਕਾਰਨਾ ਕਰਕੇ ਨੌਕਰੀ ਤੋਂ ਹਟਾਉਣ ਦੀ ਪ੍ਰਕਿਰਿਆ ਦਾ ਜਿਕਰ ਕੀਤਾ ਹੈ। ਸਬੰਧਤ ਪੱਤਰਾ ਵਿੱਚ ਕੁੱਕ ਕਮ ਹੈਲਪਰ ਨੂੰ ਬਕਾਇਦਾ ਕਾਰਨ ਦੱਸੋ ਨੋਟਿਸ, ਉਸਦਾ ਜਵਾਬ ਅਤੇ ਯੋਗ ਪੜਤਾਲ ਤੋਂ ਬਾਅਦ ਹੀ ਦਫਤਰੀ ਹੁਕਮਾਂ ਨਾਲ ਨੌਕਰੀ ਤੋਂ ਹਟਾਇਆ ਜਾ ਸਕਦਾ ਹੈ, ਜਦੋਂ ਕਿ ਇਨ੍ਹਾਂ ਹਦਾਇਤਾਂ ਦੀ ਪਾਲਣਾ ਨਾ ਕਰਦੇ ਹੋਏ ਕੁਝ ਸਕੂਲ ਮੁੱਖੀਆਂ ਵੱਲੋਂ ਕੇਵਲ ਸਕੂਲ ਮੈਨੇਜਮੈਂਟ ਕਮੇਟੀ ਦੁਆਰਾ ਮਤਾ ਪਾ ਕੇ ਹੀ ਕੁੱਕ ਕਮ ਹੈਲਪਰਾਂ ਨੂੰ ਨੌਕਰੀ ਤੋਂ ਹਟਾਇਆ ਜਾਂਦਾ ਹੈ, ਜਿਸ ਨਾਲ ਵਿਭਾਗ ਨੂੰ ਬੇਲੋੜੇ ਕੋਰਟ ਕੇਸਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

3.0 ਆਪ ਨੂੰ ਮੁੜ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ ਅਤੇ ਜੇਕਰ ਕਿਸੇ ਕੇਸ ਵਿੱਚ ਇਨ੍ਹਾਂ ਹੁਕਮਾ ਦੀ ਉਲੰਘਣਾ ਕਾਰਨ ਹਰਜਾਨਾ ਪਾਇਆ ਜਾਂਦਾ ਹੈ ਤਾਂ ਸਬੰਧਤ ਸਕੂਲ ਮੁੱਖੀ ਹੀ ਜਿੰਮੇਵਾਰ ਹੋਵੇਗੇ ਅਤੇ ਕੋਰਟ ਵੱਲੋਂ ਪਾਏ ਗਏ ਹਰਜਾਨੇ ਦੀ ਰਕਮ ਸਬੰਧਤ ਸਕੂਲ ਮੁੱਖੀ ਵੱਲੋਂ ਹੀ ਵਸੂਲੀ ਜਾਵੇਗੀ।

ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ)